## ਪਾਰਟਨਰ ਏਜੰਸੀਆਂ

- African Canadian Social Development Council
  (416) 658-5100
- Alexandra Park Community Centre
  (416) 603-9603
- Alexandra Park Neighbourhood Learning Centre
  (416) 591-7384
- Atkinson Co-op
  (416) 504-6993
- Canadian Race Relations Foundation
  (416) 952-3500
- Canadian Arab Federation
  (416) 493-8635
- Community Social Planning Council of Toronto
  (416) 351-0095
- Co-operative Housing Federation of Toronto
  (416) 465-8688
- Council of Agencies Serving South Asians
  (416) 979-8611
- Davenport-Perth Neighbourhood Centre
  (416) 656-8025
- Delta Family Resource Centre
  (416) 747-1172
- Eastview Community Neighbourhood Centre
  (416) 393-6354
- Fort York Food Bank
  (416) 203-3011
- Hispanic Development Council
  (416) 516-0851
- Hong Fook Mental Health Association
  (416) 493-4242
- Jamaican Canadian Association
  (416) 746-5772
- Jane Finch Community Legal Services
  (416) 398-0677
- Jane/Finch Concerned Citizens Organization
  (416) 880-2870
- Justice for Children and Youth
  (416) 920-1633
- Kensington-Bellwoods Community Legal Services
  (416) 924-4244
- Midaynta Association of Somali Serving Agencies
  (416) 544-1992
- NEW Experiences for Newcomer Women
  (416) 469-0196
- Ontario Council of Agencies Serving Immigrants
  (416) 322-4950
- Regent Park Neighbourhood Initiative
  (416) 981-6738
- Scadding Court Community Centre
  (416) 392-0335
- Schizophrenia Society of Ontario
  (416) 449-6830
- South Asian Family Support Services
  (416) 431-4847
- South Asian Legal Clinic of Ontario
  (416) 542-9146
- South Asian Women's Centre
  (416) 537-2276
- St. Christopher House
  (416) 848-7980
- St. Stephen's Community House
  (416) 925-2103
- Street Health
  (416) 921-8668
- The 519 Church Street Community Centre
  (416) 392-6878
- Toronto Community Housing
  (416) 981-5500
- Toronto Police Accountability Coalition
  (416) 977-5097
  Toronto Police Service
  (416) 808-2800
  YMCA Youth Intervention and Outreach Services
  (416) 504-1710

Scadding Court Community Centre
Toronto
The Law Foundation of Ontario
Toronto Community Housing
Canadian Heritage Patrimoine canadien
Canada

# ਆਵਾਸੀ ਅਤੇ ਨਵੇਂ ਆਏ ਲੋਕਾਂ ਲਈ ਜਾਣਕਾਰੀ

## CEAPC

**COMMUNITY EDUCATION & ACCESS TO POLICE COMPLAINTS DEMONSTRATION PROJECT**

Scadding Court Community Centre

Language: Punjabi

## ਸੀ ਈ ਏ ਪੀ ਸੀ (CEAPC) ਨਾਲ ਜਾਣ ਪਛਾਣ

ਕਮਯੂਨਿਟੀ ਐਜੁਕੇਸ਼ਨ ਐਂਡ ਐਕਸੇਸ ਟੂ ਪੁਲਿਸ ਕੰਮਪਲੇਂਟਸ ਡੇਮੋਂਨਟਰੇਸ਼ਨ ਪਰਾਜੈਕਟ (**CEAPC**) ਦਾ ਉਦੇਸ਼ ਇਹ ਪੱਕਾ ਕਰਨਾ ਹੈ ਕਿ ਪੁਲਿਸ ਬਾਰੇ ਸ਼ਿਕਾਇਤਾਂ ਦਾ ਸਿਸਟਮ ਸਮਾਜ ਦੀਆਂ ਖਾਸ ਲੋੜਾਂ ਲਈ ਪਹੁੰਚਣਯੋਗ ਅਤੇ ਉਪਲਬਧ ਹੈ ਅਤੇ  ਨਾਲ ਹੀ ਸਿੱਖਿਆ ਦੇ ਮੌਕੇ ਪਰਦਾਨ ਕਰ ਰਿਹਾ ਹੈ।

ਸਾਡੇ ਕੋਲ **33** ਕਮਯੂਨਿਟੀ ਪਾਰਟਨਰ ਹਨ ਜੋ ਤੁਹਾਨੂੰ ਇਸ ਬਾਰੇ ਹੋਰ ਜਿਆਦਾ ਸਿੱਖਣ ਵਿੱਚ ਮਦਦ ਕਰਕੇ, ਕਿ ਜਦੋਂ ਪੁਲਿਸ ਤੁਹਾਨੂੰ ਸਵਾਲ ਪੁੱਛੇ ਤਾਂ ਕੀ ਕਰਨਾ ਚਾਹੀਦਾ ਹੈ, ਜਦੋਂ ਪੁਲਿਸ ਤੁਹਾਡੇ ਘਰ ਆਏ ਤਾਂ ਕੀ ਕਰਨਾ ਚਾਹੀਦਾ ਹੈ ਅਤੇ ਸਹਾਰਾ ਅਤੇ ਕਾਨੂੰਨੀ ਸਹਾਇਤਾ ਕਿਥੋਂ ਪਰਾਪਤ ਕੀਤੀ ਜਾਏ, ਸਾਨੂੰ ਇਸ ਉਦੇਸ਼ ਨੂੰ ਪਰਾਪਤ ਕਰਨ ਵਿੱਚ ਸਹਾਇਤਾ ਕਰਨਗੇ।

## ਪੁਲਿਸ ਦੁਆਰਾ ਰੋਕੇ ਜਾਣਾ

### *ਜੇ ਪੁਲਿਸ ਮੈਨੂੰ ਇਹ ਪੁੱਛਣ  ਲਈ ਰੋਕੇ ਕਿ ਮੈਂ ਕੌਣ ਹਾਂ?*

> ਕੀ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਕਿਸੇ ਵੀ ਹੋਰ ਪ੍ਰਸ਼ਨ ਦਾ ਜਵਾਬ ਦੇਣ ਦੀ ਲੋੜ ਨਹੀਂ ਹੈ। ਜੇ ਤੁਸੀਂ ਅਜਿਹਾ ਕਰਦੇ ਹੋ ਤਾਂ ਜੋ ਕਝ ਵੀ ਤੁਸੀਂ ਕਹੋਗੇ ਉਹ ਤੁਹਾਡੇ ਗਿਰਫਤਾਰ ਹੋਣ ਦੀ ਸੂਰਤ ਵਿੱਚ ਤੁਹਾਡੇ ਖਿਲਾਫ ਵਰਤਿਆ ਜਾ ਸਕਦਾ ਹੈ।

ਤੁਹਾਨੂੰ ਅਜਿਹੇ ਬੰਦਾ ਜਿਸਦੀ ਕਿ ਉਹ ਸੱਚਮੁੱਚ ਤਲਾਸ਼ ਕਰ ਰਹੇ ਹਨ ਸਮਝੇ ਜਾਣ ਵਰਗੀਆਂ ਉਲਝਣਾਂ ਤੋਂ ਬਚਣ ਵਾਸਤੇ ਪੁਲਿਸ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਤੁਸੀ ਕੌਣ ਹੋ।

ਜੇ ਪੁਲਿਸ ਤੁਹਾਡੇ ਪਛਾਣ ਪੱਤਰਾਂ ਦੀ ਮੰਗ ਕਰੇ ਤਾਂ ਤੁਹਾਨੂੰ ਉਨ੍ਹਾਂ ਨੂੰ ਉਹ ਦਿਖਾਉਣੇ ਚਾਹੀਦੇ ਹਨ।

ਜੇ ਪੁਲਿਸ ਸੋਚਦੀ ਹੈ ਕਿ ਤੁਸੀਂ ਕੋਈ ਜੁਰਮ ਕੀਤਾ ਹੈ ਅਤੇ ਤੁਸੀਂ ਉਨ੍ਹਾਂ ਨੂੰ ਇਹ ਨਹੀਂ ਦਸਦੇ ਕਿ ਤੁਸੀਂ ਕੌਣ ਹੋ ਤਾਂ ਹੋ ਸਕਦਾ ਹੈ ਕਿ ਉਹ ਇਹ ਪਤਾ ਲੱਗਣ ਤੱਕ ਕਿ ਤੁਸੀਂ ਕੌਣ ਹੋ ਤੁਹਾਨੂੰ ਗਿਰਫਤਾਰ ਕਰ ਲੈਣ।

ਨਿਮਰਤਾ ਵਾਲਾ ਹੋਣਾ ਯਾਦ ਰੱਖੋ। ਤੁਸੀਂ ਪੁਲਿਸ ਨੂੰ ਪੁੱਛ ਸਕਦੇ ਹੋ ਕਿ ਤੁਸੀਂ ਜਾਣ ਲਈ ਆਜਾਦ ਹੋ ਜਾਂ ਗਿਰਫਤਾਰ ਕੀਤੇ ਗਏ ਹੋ।

### *ਜੇ ਪੁਲਿਸ ਮੈਨੂੰ ਗੱਡੀ ਚਲਾਉਂਦੇ ਹੋਏ ਰੋਕੇ?*

ਪੁਲਿਸ ਤੁਹਾਨੂੰ ਗੱਡੀ ਚਲਾਉਂਦੇ ਹੋਏ ਤੁਹਾਡੇ ਲਾਇਸੇਂਸ, ਕਾਰ ਦੀ ਰਜਿਸਟਰੀ ਅਤੇ ਬੀਮੇ ਬਾਰੇ ਪੁੱਛਣ ਵਾਸਤੇ ਰੋਕ ਸਕਦੀ ਹੈ।ਜੇ ਤੁਸੀਂ ਇਹ ਹਾਜ਼ਰ ਨਹੀਂ ਕਰ ਸਕਦੇ ਤਾਂ ਪੁਲਿਸ ਤੁਹਾਨੂੰ ਪ੍ਰਾਂਤੀਏ ਜੁਰਮ ਦਾ ਦੋਸ਼ੀ ਠੈਹਰਾ ਸਕਦੀ ਹੈ। ਸੰਭਵ ਹੈ ਕਿ ਤੁਸੀਂ ਇੱਕ ਪ੍ਰਾਂਤੀਏ ਅਦਾਲਤ ਵਿੱਚ ਦੋਸ਼ੀ ਠੈਹਰਾਏ ਜਾਣ ਦਾ ਵਿਰੋਧ ਕਰ ਸਕੋ।

## ਪੁਲਿਸ ਦੁਆਰਾ ਤਲਾਸ਼ੀ ਲਏ ਜਾਣਾ

### *ਜੇ ਪੁਲਿਸ ਮੇਰੀ ਤਲਾਸ਼ੀ ਲੈਣੀ ਚਾਹੇ?*

ਜੇ ਪੁਲਿਸ ਕੋਲ ਇਹ ਸੋਚਣ ਦਾ ਕੋਈ ਕਾਰਨ ਹੋਏ ਕਿ ਤੁਹਾਡੇ ਕੋਲ ਗੈਰਕਾਨੂੰਨੀ ਚੀਜ਼ ਹੈ ਜਾਂ ਉਹ ਤੁਹਾਨੂੰ ਗਿਰਫਤਾਰ ਕਰਨ ਤਾਂ ਉਹ ਤੁਹਾਡੀ, ਤੁਹਾਡੇ ਕਪੜਿਆਂ ਦੀ ਅਤੇ ਜੋ ਕੁਝ ਵੀ ਤੁਸੀਂ ਚੁੱਕਿਆ ਹੋਇਆ ਹੈ ਦੀ ਤਲਾਸ਼ੀ ਲੈ ਸਕਦੀ ਹੈ। ਜੇ ਤੁਸੀਂ ਉਨ੍ਹਾਂ ਨੂੰ **"ਸੂਚਤ ਰਜ਼ਾਮੰਦੀ"** ਦਿੰਦੇ ਹੋ ਤਾਂ ਵੀ ਉਹ ਤੁਹਾਡੀ ਤਲਾਸ਼ੀ ਲੈ ਸਕਦੇ ਹਨ। **ਸੂਚਤ ਰਜ਼ਾਮੰਦੀ** ਦੇਣ ਦੀ ਮਿਸਾਲ ਉਸ ਵੇਲੇ ਹੋ ਸਕਦੀ ਹੈ ਜਦੋਂ ਕਿ ਇੱਕ ਅਫਸਰ ਤੁਹਾਨੂੰ ਆਪਣੀਆਂ ਜੇਬਾਂ ਖਾਲੀ ਕਰਨ ਲਈ ਕਹੇ ਅਤੇ ਤੁਸੀਂ ਅਜਿਹਾ ਕਰੋ। ਜੇ ਤੁਸੀਂ " ਨਾ " ਨਹੀਂ ਕਹਿੰਦੇ ਤਾਂ ਤੁਸੀਂ ਸੂਚਤ ਰਜ਼ਾਮੰਦੀ ਦੇ ਰਹੇ ਹੋ।

> ਕੀ ਤੁਸੀਂ ਜਾਣਦੇ ਹੋ ਕਿ ਜੇ ਤੁਹਾਨੂੰ ਗਿਰਫਤਾਰ ਕੀਤਾ ਜਾਂ ਰੋਕਿਆ ਜਾਂਦਾ ਹੈ ਤਾਂ ਤੁਹਾਡਾ ਹੱਕ ਹੈ :
> - ਇਹ ਜਾਣਨ ਦਾ ਕਿ ਤੁਹਾਨੂੰ ਕਿਉਂ ਰੋਕਿਆ ਜਾਂ ਗਿਰਫਤਾਰ ਕੀਤਾ ਜਾ ਰਿਹਾ ਹੈ
> - ਤੁਰੰਤ ਅਤੇ ਨਿਜੀ ਤੌਰ ਉੱਤੇ ਇੱਕ ਵਕੀਲ ਨਾਲ ਗੱਲਬਾਤ ਕਰਨ ਦਾ
> - ਇੱਕ ਕਾਨੂੰਨੀ ਸਹਾਇਤਾ (ਲੀਗਲ ਏਡ) ਵਕੀਲ ਕੋਲੋਂ ਮੁਫਤ ਕਾਨੂੰਨੀ ਸਲਾਹ ਦਾ ਅਤੇ ਪੁਲਿਸ ਨੂੰ ਇਹ ਨੰਬਰ ਤੁਹਾਨੂੰ ਦੇਣਾ ਚਾਹੀਦਾ ਹੈ।ਤੁਸੀਂ ਵਕੀਲਾਂ ਨਾਲ ਜੁੜਨ ਲਈ (ਰੈਫਰਲਾਂ) ਪਿੱਛੇ ਦਿੱਤੀਆਂ ਗਈਆਂ ਸਾਡੀਆਂ ਪਾਰਟਨਰ ਏਜੰਸੀਆਂ ਨਾਲ ਵੀ ਸੰਪਰਕ ਕਰ ਸਕਦੇ ਹੋ।

### *ਜੇ ਪੁਲਿਸ ਮੇਰੇ ਘਰ ਦੀ ਤਲਾਸ਼ੀ ਲੈਣਾ ਚਾਹੇ ?*

ਪੁਲਿਸ ਸਿਰਫ ਉਸ ਸਮੇਂ ਹੀ ਤੁਹਾਡੇ ਘਰ ਦੀ ਤਲਾਸ਼ੀ ਲੈ ਸਕਦੀ ਹੈ ਜਦੋਂ ਕਿ ਉਨ੍ਹਾਂ ਕੋਲ ਤਲਾਸ਼ੀ ਲੈਣ ਦਾ ਆਦੇਸ਼ ਪੱਤਰ (ਵਾਰੰਟ) ਹੋਏ ਜਾਂ ਉਨ੍ਹਾਂ ਕੋਲ ਇਹ ਮੰਨਣ ਦਾ ਕਾਰਨ ਹੋਏ ਕਿ ਕੋਈ ਜੁਰਮ ਕੀਤਾ ਗਿਆ ਹੈ।

> ਕੀ ਤੁਸੀਂ ਜਾਣਦੇ ਹੋ ਕਿ ਜੇ ਤੁਹਾਡੇ ਘਰ ਵਿੱਚੋਂ ਕੀਤੀ ਗਈ 911 ਕਾਲ ਕੱਟੀ ਜਾਂਦੀ ਹੈ ਤਾਂ ਪੁਲਿਸ ਬਿਨਾਂ ਇਜਾਜ਼ਤ ਦੇ ਤੁਹਾਡੇ ਘਰ ਵਿੱਚ ਦਾਖਲ ਹੋ ਸਕਦੀ ਹੈ

**ਤਲਾਸ਼ੀ ਪੱਤਰ** ਪੁਲਿਸ ਨੂੰ ਇੱਕ ਖਾਸ ਮਿਤੀ ਉੱਤੇ ਇੱਕ ਖਾਸ ਥਾਂ ਦੀ ਤਲਾਸ਼ੀ ਲੈਣ ਦੀ ਇਜਾਜ਼ਤ ਦੇਣ ਵਾਲਾ ਅਦਾਲਤ ਦਾ ਹੁਕਮ ਹੈ। ਜੇ ਪੁਲਿਸ **ਤਲਾਸ਼ੀ ਪੱਤਰ** ਲੈਕੇ ਤੁਹਾਡੇ ਘਰ ਆਉਂਦੀ ਹੈ ਤਾਂ ਤੁਹਾਨੂੰ ਆਦੇਸ਼ ਪੱਤਰ ਦੇਖਣ ਲਈ ਕਹਿਣਾ ਚਾਹੀਦਾ ਹੈ ਅਤੇ ਇਹ ਜਾਂਚ ਕਰਨੀ ਚਾਹੀਦੀ ਹੈ ਕਿ:

- ਉਸ ਉੱਤੇ ਦਿੱਤਾ ਗਿਆ ਪਤਾ ਤੁਹਾਡਾ ਹੈ
- ਪੁਲਿਸ ਤਲਾਸ਼ੀ ਪੱਤਰ ਵਿੱਚ ਦਿੱਤੇ ਗਏ ਸਮੇਂ ਉੱਤੇ ਹੀ ਤੁਹਾਡੇ ਘਰ ਆਈ ਹੈ
- ਤਲਾਸ਼ੀ ਪੱਤਰ ਉੱਤੇ ਇੱਕ ਜੱਜ ਜਾਂ ਜਸਟਿਸ ਆਫ ਪੀਸ (justice of peace) ਦੇ ਹਸਤਾਖਰ ਹਨ
- ਪੁਲਿਸ ਸਿਰਫ ਉਨ੍ਹਾਂ ਜਗ੍ਹਾਵਾਂ ਵਿੱਚ ਹੀ ਚੀਜਾਂ ਦੀ ਖੋਜ ਕਰਦੀ ਹੈ ਜਿਥੇ ਕਿ ਉਹ ਅਸਲ ਵਿੱਚ ਮਿਲ ਸਕਦੀਆਂ ਹਨ ( ਮਿਸਾਲ ਦੇ ਤੌਰ ਉੱਤੇ ਉਹ ਚੋਰੀ ਕੀਤੇ ਹੋਏ 36 ਇੰਚ  ਟੈਲਵਿਜ਼ਨ ਦੀ ਖੋਜ ਤੁਹਾਡੇ ਗਹਿਣਿਆਂ ਦੇ ਡੱਬੇ ਵਿੱਚ ਨਹੀਂ ਕਰ ਸਕਦੀ)।

> ਕੀ ਤੁਸੀਂ ਜਾਣਦੇ ਹੋ ਕਿ ਜੇ ਪੁਲਿਸ ਤਲਾਸ਼ੀ ਪੱਤਰ ਵਿੱਚ ਸੂਚੀਬੱਧ ਸਬੂਤਾਂ ਦੀ ਤਲਾਸ਼ ਕਰ ਰਹੀ ਹੈ ਅਤੇ ਉਸ ਨੂੰ ਕਿਸੇ ਹੋਰ ਜੁਰਮ ਨਾਲ ਸੰਬੰਧਤ ਕੋਈ ਚੀਜ਼ ਮਿਲ ਜਾਂਦੀ ਹੈ ਤਾਂ ਉਹ ਉਸ ਨੂੰ ਲੈ ਸਕਦੀ ਹੈ ਅਤੇ ਸਬੂਤ ਦੀ ਤਰ੍ਹਾਂ ਵਰਤ ਸਕਦੀ ਹੈ।

## ਤੁਸੀਂ ਕੀ ਕਰ ਸਕਦੇ ਹੋ

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੀ ਤਲਾਸ਼ੀ ਗੈਰਕਾਨੂੰਨੀ ਤਰੀਕੇ ਨਾਲ ਜਾਂ ਬਿਨਾਂ ਕਿਸੇ ਚੰਗੇ ਕਾਰਨ ਕਰਕੇ ਲਈ ਜਾ ਰਹੀ ਹੈ ਤਾਂ ਤੁਹਾਨੂੰ ਉਸ ਵੇਲੇ ਅਫਸਰ ਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਤਲਾਸ਼ੀ ਦਾ ਵਿਰੋਧ ਕਰਦੇ ਹੋ।ਤੁਹਾਨੂੰ ਉਸ ਅਫਸਰ ਦੇ ਵਿਰੁੱਧ ਸ਼ਿਕਾਇਤ ਦਰਜ ਕਰਵਾਉਣ ਦਾ ਹੱਕ ਵੀ ਹੈ। ਤੁਸੀਂ ਆਪਣੀ ਸ਼ਿਕਾਇਤ ਸਕੈਡਿੰਗ ਕੋਰਟ ਕਮਯੂਨਿਟੀ ਸੈਂਟਰ ਜਾਂ ਸਾਡੇ ਪਰਾਜੈਕਟ ਪਾਰਟਨਰਾਂ ਵਿੱਚੋਂ ਇੱਕ (ਪਿੱਛੇ ਸੂਚੀਬੱਧ ਕੀਤੇ ਗਏ) ਰਾਹੀਂ ਦਰਜ ਕਰਵਾ ਸਕਦੇ ਹੋ ਜਾਂ ਤੁਸੀਂ ਹੇਠਾਂ ਦਿੱਤੀਆਂ ਸਾਇਟਾਂ ਉੱਤੇ ਜਾ ਕੇ ਆਨਲਾਇਨ ਫਾਰਮ ਭਰ ਸਕਦੇ ਹੋ:

www.scaddingcourt.org
www.torontopolice.on.ca
www.occps.on.ca

## ਹੋਰ ਜਾਣਕਾਰੀ ਲਈ ਸੰਪਰਕ ਕਰੋ

**ਲੈਲਾ ਜ਼ ਸਾਰੰਗੀ**
**ਪਰਾਜੈਕਟ ਕੋਆਰਡੀਨੇਟਰ**
ਸਕੈਡਿੰਗ ਕੋਰਟ ਕਮਯੂਨਿਟੀ ਸੈਂਟਰ
707 ਡਨਡਾਸ ਸਟ੍ਰੀਟ ਵੈਸਟ
ਟੋਰਾਂਟੋ, ਉਨਟਾਰਿਓ ਐਮ5ਟੀ 2ਡਬਲਿਯੂ6

**ਫੋਨ: (416) – 392 – 0335 x 233**
**ਫੈਕਸ : (416) – 392 – 0340**
**ਈਮੇਲ:** lsarangi@scaddingcourt.org
www.scaddingcourt.org